# ਪੰਜਾਬ ਸਰਕਾਰ
## ਸਕੂਲ ਸਿੱਖਿਆ ਵਿਭਾਗ
## ਹੁਕਮ

1.0 ਇਸ ਸਮੇ ਪੰਜਾਬ ਰਾਜ ਦੇ ਵੱਖ-ਵੱਖ ਸਕੂਲਾਂ ਵਿੱਚ ਸਰਕਾਰ ਵੱਲੋਂ ਸਮੇਂ-ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਫੰਡਾਂ ਅਧੀਨ ਸਕੂਲਾਂ ਦੇ ਬੱਚਿਆਂ ਤੋਂ ਫੀਸ ਵਸੂਲੀ ਜਾ ਰਹੀ ਹੈ। ਇਨ੍ਹਾਂ ਫੰਡਾਂ ਅਧੀਨ ਕੁਝ ਇੱਕ ਫੰਡ, ਜਿਵੇਂ ਕਿ ਸਾਲਾਨਾ ਫੀਸ ਅਤੇ ਪੁਨਰ ਦਾਖਲਾ ਫੀਸ, ਰੈਡ ਕ੍ਰਾਸ ਫੰਡ, ਬਿਲਡਿੰਗ ਫੰਡ, ਵਿਦਿਆਰਥੀ ਭਲਾਈ ਫੰਡ, ਪੀ.ਟੀ.ਏ. ਸ਼ਨਾਖਤੀ ਕਾਰਡ, ਘਰੇਲੂ ਪ੍ਰੀਖਿਆ ਫੰਡ, ਮੈਗਜ਼ੀਨ ਫੰਡ ਸਾਲਾਨਾ ਤੌਰ ਤੇ ਇੱਕੋ ਵਾਰ ਇੱਕਠੇ ਕੀਤੇ ਜਾ ਰਹੇ ਹਨ, ਜਦੋਂ ਕਿ ਅਮਲਗਾਮੇਟਿਡ ਫੰਡ, ਸਪੋਰਟਸ ਫੰਡ, ਹੈਲਥ ਫੰਡ, ਆਡੀਓ ਵਿਜ਼ੂਅਲ ਫੰਡ, ਸਾਇਕਲ ਫੰਡ, ਸਮਾਲ ਸੇਵਿੰਗ ਫੰਡ, ਲੜਕਿਆਂ ਦੀ ਟਿਊਸ਼ਨ ਫੀਸ, ਪ੍ਰੈਕਟੀਕਲ ਫੰਡ, ਫਿਜਿਕਸ, ਕੈਮਿਸਟਰੀ, ਬਾਇਓਲਜੀ, ਜਿਓਗਰਾਫੀ, ਫਾਈਨ ਆਰਟਸ, ਹੋਮ ਸਾਇੰਸ ਅਤੇ ਵੋਕੇਸ਼ਨਲ ਫੰਡ ਆਦਿ ਮਹੀਨਾਵਾਰ ਲਏ ਜਾਂਦੇ ਹਨ। ਇਨ੍ਹਾਂ ਫੰਡਾਂ ਦੇ ਰੇਟਸ ਵਿਭਾਗ ਵੱਲੋਂ ਕਾਫੀ ਸਮਾਂ ਪਹਿਲਾਂ ਨਿਰਧਾਰਤ ਕੀਤੇ ਗਏ ਸਨ ।ਇਨ੍ਹਾਂ ਫੰਡਾਂ ਵਿੱਚੋਂ ਕਈ ਫੰਡਾਂ ਦੀ ਸਮੇਂ ਦੇ ਨਾਲ ਹੁਣ ਮਹੱਤਤਾ ਖਤਮ ਹੋ ਗਈ ਹੈ ।ਇਸ ਦੇ ਨਾਲ ਇਨ੍ਹਾਂ ਫੰਡਾਂ ਦੀ ਵਿਦਿਆਰਥੀਆਂ ਤੋਂ ਉਗਰਾਹੀ ਉਪਰੰਤ ਸਬੰਧਤ ਅਧਿਆਪਕਾਂ ਦਾ ਇਨ੍ਹਾਂ ਦਾ ਸਾਰਾ ਰਿਕਾਰਡ ਰੱਖਣ ਲਈ ਕਾਫੀ ਸਮਾਂ ਜ਼ਾਇਆ ਹੋ ਜਾਂਦਾ ਹੈ ।ਅਧਿਆਪਕਾਂ ਦੁਆਰਾ ਵੀ ਫੰਡਾਂ ਦੇ ਕੰਮ ਨੂੰ ਸਰਲ ਕਰਨ ਲਈ ਵਾਰ-ਵਾਰ ਬੇਨਤੀ ਕੀਤੀ ਗਈ ਹੈ ।

2.0 ਅਧਿਆਪਕਾਂ ਦੇ ਕੀਮਤੀ ਸਮੇਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਤੇ ਪੈਣ ਵਾਲੇ ਵਿੱਤੀ ਬੋਝ ਨੂੰ ਮੁੱਖ ਰੱਖਦਿਆਂ ਚੰਗੀ ਤਰ੍ਹਾਂ ਵਿਚਾਰਨ ਉਪਰੰਤ ਇਨ੍ਹਾਂ ਸਾਰੇ ਫੰਡਾਂ ਨੂੰ ਤਰਤੀਬਵਾਰ ਕਰਨ ਲਈ ਫੈਸਲਾ ਕੀਤਾ ਹੈ ਕਿ :-

ੳ) 10+1 ਅਤੇ 10+2 ਜਮਾਤਾਂ ਲਈ ਪ੍ਰੈਕਟੀਕਲ ਫੀਸ ਮੌਜੂਦਾ ਰੇਟਾਂ ਅਨੁਸਾਰ ਹੀ ਲਈ ਜਾਵੇਗੀ ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਜਮਾਤ | ਵਿਸ਼ਾ | ਫੀਸ ਦੀ ਦਰ |
|---|---|---|---|
| 1 | 10+1 ਅਤੇ 10+2 | ਜਿਉਗਰਾਫੀ ਫੰਡ | 5/- ਪ੍ਰਤੀ ਮਹੀਨਾ |
| 2 | 10+1 ਅਤੇ 10+2 | ਫਾਈਨ ਆਰਟਸ ਫੰਡ | 4/- ਪ੍ਰਤੀ ਮਹੀਨਾ |
| 3 | 10+1 ਅਤੇ 10+2 | ਫਿਜਿਕਸ ਫੰਡ | 3.5/- ਪ੍ਰਤੀ ਮਹੀਨਾ |
| 4 | 10+1 ਅਤੇ 10+2 | ਕੈਮਿਸਟਰੀ ਫੰਡ | 5/- ਪ੍ਰਤੀ ਮਹੀਨਾ |
| 5 | 10+1 ਅਤੇ 10+2 | ਬਾਇਓਲੋਜੀ ਫੰਡ | 3.5/- ਪ੍ਰਤੀ ਮਹੀਨਾ |

ਅ) ਆਈ.ਸੀ.ਟੀ. ਪ੍ਰੋਜੈਕਟ ਤਹਿਤ ਕੰਪਿਊਟਰ ਫੀਸ ਦੀ ਵਸੂਲੀ ਅਤੇ ਖਰਚ ਸਮੇਂ-ਸਮੇਂ ਭੇਜੀਆਂ ਹਦਾਇਤਾਂ ਅਨੁਸਾਰ ਹੀ ਹੋਵੇਗੀ । ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਦੁਆਰਾ ਅੱਠਵੀਂ ਜਮਾਤ ਤੱਕ ਕੰਪਿਊਟਰ ਫੀਸ ਪਹਿਲਾਂ ਹੀ ਮੁਆਫ ਕਰ ਦਿੱਤੀ ਗਈ ਹੈ ।

ੲ) ਉਪਰੋਕਤ ਲੜੀ ਨੰ: 2 ਵਿੱਚ ਦੱਸੇ ਫੰਡਾਂ ਤੋਂ ਇਲਾਵਾ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਸਿਰਫ ਹੇਠਾਂ ਲਿਖੇ ਅਨੁਸਾਰ ਹੀ ਫੀਸ/ਫੰਡ ਲਏ ਜਾਣਗੇ :-

| ਲੜੀ ਨੰ | ਫੰਡ ਦੀ ਕਿਸਮ | ਫੰਡ ਦਾ ਨਾਂ | ਜਮਾਤ 6ਵੀ ਤੋਂ 8ਵੀ | ਜਮਾਤ 9ਵੀ, 10ਵੀਂ | ਜਮਾਤ 11ਵੀ, 12ਵੀ |
|---|---|---|---|---|---|
| 1 | ਸਲਾਨਾ | ਦਾਖਲਾ ਫੀਸ | 3/-ਰੁਪੈ ਦਾਖਲੇ ਸਮੇਂ | 3/-ਰੁਪੈ ਦਾਖਲੇ ਸਮੇਂ | 10/-ਰੁਪੈ ਦਾਖਲੇ ਸਮੇਂ |
| | | ਪੁਨਰ-ਦਾਖਲਾ ਫੀਸ | 1/-ਰੁਪੈ | 1/- ਰੁਪੈ | 1/- ਰੁਪੈ |
| 2 | ਮਾਸਿਕ | ਅਮਲਗਾਮੇਟਿਡ | 15/- | 20/- | 25/- |
| | | ਪੀ.ਟੀ.ਏ. | 10/- | 15/- | 20/- |
| | | ਸਪੋਰਟਸ | 3/- | 4/- | 5/- |
| | | ਮਾਸਿਕ ਫੰਡਾਂ ਦਾ ਕੁੱਲ ਜੋੜ | 28/- | 39/- | 50/- |

**ਜ਼ੁਰਮਾਨਾ:-**

ਬੱਚਿਆਂ ਤੋਂ ਗੈਰਹਾਜ਼ਰੀ ਦਾ ਲਿਆ ਜਾਣ ਵਾਲਾ ਜੁਰਮਾਨਾ ਇੱਕ ਰੁਪਏ ਪ੍ਰਤੀ ਦਿਨ ਹੋਵੇਗਾ।

ਨੋਟ :-

1. ਉਕਤ ਸਾਰਣੀ ਅਨੁਸਾਰ ਜਿਹੜੇ ਫੰਡ ਚਾਲੂ ਵਿਦਿਅਕ ਸਾਲ ਦੌਰਾਨ ਪਹਿਲਾਂ ਹੀ ਲਏ ਜਾ ਚੁੱਕੇ ਹਨ, ਵਿਦਿਆਰਥੀਆਂ ਤੋਂ ਦੁਬਾਰਾ ਨਾ ਲਏ ਜਾਣ । ਇਹ ਰੇਟ ਅਗਲੇ ਅਕਾਦਮਿਕ ਸੈਸ਼ਨ ਭਾਵ 2010-11 ਤੋਂ ਹੀ ਲਾਗੂ ਹੋਣਗੇ ।
2. ਉਪਰੋਕਤ ਫੰਡਾਂ ਤੋਂ ਇਲਾਵਾ ਹੋਰ ਕੋਈ ਫੰਡ/ਫੀਸ ਸਕੂਲਾਂ ਦੇ ਬੱਚਿਆਂ ਤੋਂ ਨਾ ਲਈ ਜਾਵੇ ।
3. ਅਮਲਗਾਮੇਟਿਡ ਫੰਡ ਅਤੇ ਪੀ.ਟੀ.ਏ. ਫੰਡ ਨੂੰ ਸਕੂਲ ਅਤੇ ਬੱਚਿਆਂ ਦੀ ਭਲਾਈ ਲਈ ਹੇਠਾਂ ਲਿਖੀਆਂ ਹਦਾਇਤਾਂ ਅਨੁਸਾਰ ਹੀ ਖਰਚਿਆ ਜਾ ਸਕਦਾ ਹੈ :-

**ਅਮਲਗਾਮੇਟਿਡ ਫੰਡ**

| | |
|---|---|
| (ੳ) | ਸੰਸਥਾ ਦੀ ਬਿਹਤਰੀ, ਵਿਦਿਆਰਥੀਆਂ ਦੀ ਭਲਾਈ ਅਤੇ ਸਕੂਲ ਦੀ ਸੁਚੱਜੀ ਕਾਰਗੁਜਾਰੀ ਲਈ। |
| (ਅ) | ਵਿਦਿਆਰਥੀਆਂ ਦੀਆ ਸਹਿ-ਅਕਾਦਮਿਕ ਕ੍ਰਿਆਵਾਂ ਲਈ। |
| (ੲ) | ਬਿਜਲੀ ਦੇ ਬਿਲਾਂ ਦੇ ਭੁਗਤਾਨ ਲਈ। |
| (ਸ) | ਟੈਲੀਫੋਨ/ਇੰਟਰਨੈਟ ਬਿਲਾਂ ਦੇ ਭੁਗਤਾਨ ਲਈ (ਪਿਕਟਸ ਦੁਆਰਾ ਦਿੱਤੇ ਗਏ ਫੰਡ ਕਾਫੀ ਨਾ ਹੋਣ ਦੀ ਸੂਰਤ ਵਿੱਚ)। |
| (ਹ) | ਘਰੇਲੂ ਜਾਂ ਸਾਲਾਨਾ ਪ੍ਰੀਖਿਆਵਾਂ ਲਈ। |

**ਪੀ.ਟੀ.ਏ. ਫੰਡ**

| | |
|---|---|
| (ੳ) | ਜੈਨਰੇਟਰ ਸੈਟ ਵਿੱਚ ਡੀਜਲ ਦੀ ਖਪਤ ਲਈ। |
| (ਅ) | ਸਕੂਲ ਦੇ ਦਫਤਰੀ ਜਾਂ ਹੋਰ ਖਰਚਿਆਂ ਲਈ। |
| (ੲ) | ਛੋਟੀ ਮੋਟੀ ਮੁਰੰਮਤ ਲਈ (ਮੁਰੰਮਤ ਅਤੇ ਸਾਂਭ-ਸੰਭਾਲ ਦੀਆ ਗ੍ਰਾਂਟਾਂ ਨਾਕਾਫੀ ਹੋਣ ਦੀ ਸੂਰਤ ਵਿੱਚ)। |
| (ਹ) | ਫਰਨੀਚਰ, ਕੁਰਸੀਆਂ, ਮੇਜ਼, ਅਲਮਾਰੀ, ਰੈਕ ਆਦਿ ਲਈ। |

**ਸਪੋਰਟਸ ਫੰਡ :** ਸਪੋਰਟਸ ਫੰਡ ਵਿੱਚੋਂ ਖਰਚਾਂ ਪਹਿਲਾਂ ਵਾਂਗ ਹੀ ਕੀਤਾ ਜਾਵੇਗਾ ।

3.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇਨ੍ਹਾਂ ਫੰਡਾਂ ਤੋਂ ਵੱਧ ਕੋਈ ਹੋਰ ਫੰਡ ਨਾ ਲਿਆ ਜਾਵੇ ।

**ਜੀ.ਐਸ.ਗਰੇਵਾਲ, ਆਈ.ਏ.ਐਸ.**
**ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ**

ਪਿਠ ਅੰਕਣ ਨੰ ਡਿ.ਐਸ.ਪੀ.ਡੀ/ਐਸ.ਐਸ.ਏ/2009/458-502 ਮਿਤੀ ਚੰਡੀਗੜ 4-01-10

ਇਸ ਦਾ ਇੱਕ ਉਤਾਰਾਂ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡੀ.ਪੀ.ਆਈ. (ਸੈ ਸਿ) ਅਤੇ (ਐ ਸਿ) ਪੰਜਾਬ ਚੰਡੀਗੜ੍ਹ।
2. ਸੁਪਰਡੈਂਟ ਸਿੱਖਿਆ ਵਿਭਾਗ (ਸਿ-6 ਸ਼ਾਖਾ)
3. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਅਤੇ (ਐ ਸਿ)।

**ਵਿਸ਼ੇਸ਼ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**